a2zpapers.com

Roll No. ..................

**004/A**

Total No. of Questions : 7]

[Total No. of Printed Pages : 3

**SS**

**2039**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI (Elective)**

**(Evening Session)**

Time allowed : Three hours

Maximum marks : 90

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **004/A** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

**1.** ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ । 1

(ਅ) 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਦਾ ਲੇਖਕ ਕੌਣ ਹੈ ? 1

(ੲ) ਪੀਲੂ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ । 1

(ਸ) ਸ਼ਾਹ ਮੁਹੰਮਦ ਤੀਸਰੀ ਜਾਤ ਕਿਸ ਨੂੰ ਕਹਿੰਦਾ ਹੈ ? 1

(ਹ) 'ਸਭ ਦਾ ਪਿਆਰਾ-ਸਿੰਬਾ' ਸ੍ਵੈਜੀਵਨੀ-ਅੰਸ਼ ਦਾ ਲੇਖਕ ਕੌਣ ਹੈ ? 1

(ਕ) ਦਾਰਾ ਸਿੰਘ ਨੇ ਸਭ ਤੋਂ ਪਹਿਲਾਂ ਕਿਹੜੀ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ ? 1

(ਖ) ਦੋਹਿਰਾ ਛੰਦ ਦੀਆਂ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ? 1

(ਗ) 8+8+8+8 ਜਾਂ 7=32 ਜਾਂ 31 ਤੁਕਾਂ ਵਾਲਾ ਛੰਦ ਕਿਹੜਾ ਹੁੰਦਾ ਹੈ ? 1

(ਘ) ਉਪਮਾ ਅੰਲਕਾਰ ਦੇ ਕਿੰਨੇ ਤੱਤ ਮੰਨੇ ਜਾਂਦੇ ਹਨ ? 1

(ਙ) ਸ਼ਿੰਗਾਰ ਰਸ ਦਾ ਸਥਾਈ ਭਾਵ ਕਿਹੜਾ ਹੈ ? 1

10×1=10

**2.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਦਾਲ - ਦਿਲ ਕਾਲੇ ਕਨੋਂ ਮੂੰਹ ਕਾਲਾ ਚੰਗਾ ਜੇ ਕੋ ਇਸਨੂੰ ਜਾਣੇ ਹੂ ।
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ ।
ਇਹ ਦਿਲ ਦੋਸਤ ਦੇ ਪਿੱਛੇ ਹੋਵੇ ਦੋਸਤ ਮਤਾ ਸਿੰਞਾਣੇ ਹੂ ।
ਸੈ ਆਲਮ ਛੋੜ ਮਸੀਤਾਂ ਠੱਠੇ ਬਾਹੂ ਜਦ ਲੱਗੇ ਨੇ ਦਿਲ ਟਿਕਾਣੇ ਹੂ । 8



www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



(ਅ) ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ 8

(ੲ) ਜੀਮ - ਕਦੋਂ ਸੁਣੀ ਰਾਜੇ ਗੱਲ ਓਹਦੀ, ਉਸੇ ਵਕਤ ਮੈਨੂੰ ਸਦਵਾਇ ਕੇ ਜੀ ।
ਕਹਿਰਵਾਨ ਹੋਏ ਬਾਪ ਦੇ ਨੈਨ ਖ਼ੂਨੀ, ਧਪਾ ਮਾਰਿਆ ਪਾਸ ਬਠਲਾਇ ਕੇ ਜੀ ।
ਉਸੇ ਵਖਤ ਜਲਾਦਾਂ ਨੂੰ ਆਖਿਆ ਸੂ, ਖੂਹੇ ਵਿੱਚ ਪਾਓ ਇਹਨੂੰ ਜਾਇ ਕੇ ਜੀ ।
ਕਾਦਰਯਾਰ ਮੀਆਂ ਏਸ ਖੂਹੇ ਅੰਦਰ, ਕਰ ਗਏ ਦਾਖ਼ਲ ਮੈਨੂੰ ਆਇ ਕੇ ਜੀ । 8

(ਸ) ਦੁਹਾਂ ਕੰਧਾਰਾਂ ਮੁਹਿ ਜੁੜੇ, ਨਾਲ਼ ਧਉਂਸਾ ਭਾਰੀ ।
ਕੜਕ ਉੱਠਿਆ ਫਉਜ ਤੇ, ਵੱਡਾ ਅਹੰਕਾਰੀ ।
ਲੈ ਕੇ ਚੱਲਿਆ ਸੂਰਮੇ, ਨਾਲਿ ਵੱਡੇ ਹਜ਼ਾਰੀ ।
ਮਿਆਨੋਂ ਖੰਡਾ ਧੂਹਿਆ, ਮਹਿਖਾਸੁਰ ਭਾਰੀ । 8

8+8=16

3. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਉਲਟੇ ਹੋਰ ਜ਼ਮਾਨੇ ਆਏ (ਬੁਲ੍ਹੇ ਸ਼ਾਹ) 5

(ਅ) ਹਉਮੈਂ ਮਾਇਆ ਮੋਹ ਖੁਆਇਆ (ਗੁਰੂ ਅੰਗਦ ਦੇਵ ਜੀ) 5

(ੲ) ਬਾਲ ਨਾਥ ਵੱਲੋਂ ਰਾਂਝੇ ਨੂੰ ਨਸੀਹਤ (ਵਾਰਿਸ ਸ਼ਾਹ) 5

1×5=5

4. ਪੰਜਾਬੀ ਬੀਰ-ਕਾਵਿ ਦੇ ਨਿਕਾਸ ਤੇ ਵਿਕਾਸ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ । 15

ਜਾਂ

ਹਾਸ਼ਮ ਸ਼ਾਹ ਦੇ ਜੀਵਨ ਅਤੇ ਕਵਿਤਾ ਬਾਰੇ ਜਾਣਕਾਰੀ ਦਿਓ । 15

5. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਪ੍ਰਿੰ. ਤੇਜਾ ਸਿੰਘ ਨੇ ਆਪਣੇ ਬਚਪਨ ਦੀ ਜ਼ਿੰਦਗੀ ਬਾਰੇ ਲਿਖਿਆ ਹੈ ਕਿ "ਮੈਂ ਜ਼ਿੰਦਗੀ ਨਾਲ਼ ਰਾਜ਼ੀ ਨਹੀਂ ਸਾਂ।' ਦੱਸੋ ਇਹ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ ? 4

(ਅ) ਲੇਖਕ (ਗੁਰਬਖ਼ਸ਼ ਸਿੰਘ ਪ੍ਰੀਤਲੜੀ) ਦੀ ਸ਼ਖ਼ਸੀਅਤ ਵਿੱਚ ਉਹ ਕਿਹੜੇ ਗੁਣ ਹਨ, ਜਿਨ੍ਹਾਂ ਸਦਕਾ ਉਹ ਹਰ ਨਵੀਂ ਥਾਂ ਚੰਗੇ ਮਨੁੱਖੀ ਸੰਬੰਧ ਬਣਾ ਲੈਂਦਾ ਹੈ ? 4

(ੲ) ਲੇਖਕ ਡਾ. ਰੰਧਾਵਾ, ਦਿੱਲੀ ਦਾ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਪੇਸ਼ਗੀ ਕਿਰਾਇਆ ਦੱਬਣ ਵਾਲ਼ੇ ਲਾਲੇ ਨੂੰ ਕਿਸ ਤਰ੍ਹਾਂ ਸਬਕ ਸਿਖਾਉਂਦੇ ਹਨ ? 4

(ਸ) ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆ ਬਲਵੰਤ' ਕਿਉਂ ਕਹਿੰਦਾ ਹੈ ? 4

(ਹ) ਲੇਖਿਕਾ (ਪ੍ਰਭਜੋਤ) ਨੂੰ ਮੋਤੀਆ ਨਾਂ ਕਿਉਂ ਪਸੰਦ ਨਹੀਂ ਸੀ ? ਉਸ ਦੇ ਨਾਮਕਰਨ ਦੀ ਘਟਨਾ ਬਾਰੇ ਲਿਖੋ । 4



www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



(ਕ) ਲੋਕ-ਸਾਹਿਤ ਇਕੱਤਰ ਕਰਨ ਲਈ ਲੇਖਕ ਨੂੰ ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ? 'ਆਪਣੀ ਸੋਚ ਦੇ ਗਹਿਰੇ ਸਾਏ' ਪਾਠ ਦੇ ਆਧਾਰ 'ਤੇ ਉੱਤਰ ਲਿਖੋ । 4

(ਖ) ਲੇਖਕ (ਦਾਰਾ ਸਿੰਘ) ਨੂੰ ਫ਼ਿਲਮਾਂ ਵਿੱਚ ਪੂਰਨ ਤੌਰ 'ਤੇ ਕੰਮ ਕਰਨ ਦਾ ਮੌਕਾ ਕਦੋਂ ਮਿਲਿਆ ਤੇ ਉਸ ਨੇ ਫ਼ਿਲਮਾਂ ਵਿੱਚ ਕੰਮ ਕਰਨ ਦਾ ਫ਼ੈਸਲਾ ਕਿਉਂ ਲਿਆ ? 4

(ਗ) "ਬਚਪਨ ਵਿੱਚ ਹੀ ਲੇਖਕ (ਸ.ਸ. ਜੌਹਲ) ਦੀ ਸ਼ਖ਼ਸੀਅਤ ਉੱਤੇ ਮਿਹਨਤ ਦਾ ਰੰਗ ਚੜ੍ਹ ਗਿਆ ਸੀ ।" ਕੀ ਤੁਸੀਂ ਇਸ ਕਥਨ ਨਾਲ਼ ਸਹਿਮਤ ਹੋ ? 4

5×4=20

**6.** 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਕਿਸੇ **ਇੱਕ** ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਨਾਟਕ

(ਅ) ਨਾਵਲ

(ੲ) ਨਿਬੰਧ । 1×12=12

**7.** ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ :

(ੳ) ਦਵੱਈਆ ਜਾਂ ਚੌਪਈ ਛੰਦ 4

(ਅ) ਅਤਿਕਥਨੀ ਅਲੰਕਾਰ ਜਾਂ ਦ੍ਰਿਸ਼ਟਾਂਤ ਅਲੰਕਾਰ 4

(ੲ) ਬੀਭਤਸ ਰਸ ਜਾਂ ਹਾਸ ਰਸ । 4

4+4+4=12



www.a2zpapers.com
www.a2zpapers.com
Download free old Question papers gndu, ptu hp board, punjab board